# ਸਿਲੇਬਸ ਯੋਜਨਾ - 2023-2024

ਕਲਾਸ- ਬੀ.ਏ ਭਾਗ ਪਹਿਲਾ ਸਮੈਸਟਰ ਪਹਿਲਾ ਕੁਲ ਅੰਕ:100

ਵਿਸ਼ਾ-ਚੋਣਵੀ ਪੰਜਾਬੀ ਲਿਖਤੀ:90

***ਇੰਟਰਨਲ ਅਸੈਸਮੈਂਟ:***10

| ***ਵਿਸ਼ੇ*** | ਅਧਿਆਪਨ ਦੇ ਵਿਸ਼ੇ | ਵਿਸ਼ੇਸ਼ ਉਦੇਸ਼ | ਅਧਿਆਪਨ ਦੀ ਤਕਨੀਕ | ਸੋਮੇ |
|---|---|---|---|---|
| ***ਆਧੁਨਿਕ ਪੰਜਾਬੀ ਕਵਿਤਾ ਦਾ ਅਧਿਐਨ*** ਭਾਈ ਵੀਰ ਸਿੰਘ, ਪ੍ਰੋਫੈਸਰ ਪੂਰਨ ਸਿੰਘ,ਧਨੀ ਰਾਮ ਚਾਤ੍ਰਿਕ, ਪ੍ਰੋਫੈਸਰ ਮੋਹਨ ਸਿੰਘ,ਅਮ੍ਰਿਤਾ ਪ੍ਰੀਤਮ,ਬਾਵਾ ਬਲਵੰਤ ਸਿੰਘ, ਸ਼ਿਵ ਕੁਮਾਰ ਬਟਾਲਵੀ,ਡਾ. ਹਰਿਭਜਨ ਸਿੰਘ ,ਡਾ. ਜਗਤਾਰ ਆਦਿ ਕਵੀਆਂ ਦੀਆਂ ਕਵਿਤਾਵਾਂ | ਕਵੀਆਂ ਬਾਰੇ ਸਾਹਿਤਿਕ ਜਾਣਕਾਰੀ, ਕਵਿਤਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ,ਔਖੇ ਸ਼ਬਦਾਂ ਦੇ ਅਰਥ, ਕਵਿਤਾਵਾਂ ਦਾ ਸਾਰ, ਵਿਸ਼ਾ, ਕੇਂਦਰੀ ਭਾਵ,ਲਘੂ ਉਤਰਾ ਵਾਲੇ ਪ੍ਰਸ਼ਨ | ਵਿਦਿਆਰਥੀਆਂ ਨੂੰ ਕਵੀਆਂ ਅਤੇ ਉਨ੍ਹਾਂ ਦੀਆਂ ਕਵਿਤਾਵਾਂ ਤੋਂ ਜਾਣੂ ਕਰਵਾਉਣ ਅਤੇ ਉਨ੍ਹਾਂ ਵਿਚ ਕਵਿਤਾਵਾਂ ਪੜ੍ਹਨ ਅਤੇ ਲਿਖਣ ਦੀ ਰੁਚੀ ਪੈਦਾ ਕਰਨਾ। | ਵਿਆਖਿਆ ਵਿਧੀ ਲੈਕਚਰ ਵਿਧੀ ਪ੍ਰਸ਼ਨ ਉੱਤਰ ਵਿਧੀ | ਪਾਠ ਪੁਸਤਕ:- ਨਕਸ਼ ਨੁਹਾਰ, ਡਾ. ਜਸਵਿੰਦਰ ਸਿੰਘ, ਪੰਜਾਬ ਯੂਨੀਵਰਸਿਟੀ । |

ਮੁਲਾਂਕਣ

- ਉਪਰੋਕਤ ਕਵੀਆਂ ਦੀਆਂ ਕਵਿਤਾਵਾਂ ਦਾ ਵਿਸ਼ਾ ਵਸਤੂ/ਥੀਮ
- ਕਵਿਤਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ

**ਲਘੂ ਉਤਰਾ ਵਾਲੇ ਪ੍ਰਸ਼ਨ**

**ਭਾਈ ਵੀਰ ਸਿੰਘ**

- ਭਾਈ ਵੀਰ ਸਿੰਘ ਦੀਆਂ ਜਿੰਨੀਆਂ ਕਵਿਤਾਵਾਂ ਤੁਹਾਡੀ ਪਾਠ ਪੁਸਤਕ ਨਕਸ਼ ਨੁਹਾਰ ਵਿੱਚ ਸ਼ਾਮਿਲ ਹਨ, ਉਨ੍ਹਾ ਦੇ ਨਾਂ *ਲਿਖੋ* ।
- 'ਵਿਛੁੜੀ ਰੂਹ' ਕਵਿਤਾ ਦਾ ਕੇਂਦਰੀ ਭਾਵ ਲਿਖੋ।
- ਵਿਛੁੜੀ ਕੂੰਜ' ਦੀ ਜਾਨ ਕਿਉਂ ਕੁਸਦੀ ਹੈ?
- 'ਅਨੰਤ ਦੀ ਛੁਹ' ਕਵਿਤਾ ਵਿਚ ਅਨੰਤ ਨੂੰ ਕਿਸ ਰੂਪ ਵਿੱਚ ਸਿਰਜਿਆ ਗਿਆ ।
- ਮੇਰੀ ਜਿੰਦੇ 'ਕਵਿਤਾ ਅਨੁਸਾਰ ਜਿੰਦ ਦੀ ਥਾਂ ਕਿਹੜੀ ਸੀ?
- ਅਵਾਂਤੀਪੁਰਾ ਕਿੱਥੇ ਹੈ ਅਤੇ ਉਥੇ ਅੱਜ-ਕੱਲ੍ਹ ਕੀ ਹੈ?
- ਅਵਾਂਤੀਪੁਰੇ ਦੇ ਖੰਡਰ ਕਿਸ ਗੱਲ ਦੀ ਸਾਖੀ ਭਰਦੇ ਹਨ?
- ਅਵਾਂਤੀਪੁਰੇ ਦੇ ਮੰਦਿਰ ਢਾਹੁਣ ਦਾ ਨਤੀਜਾ ਕੀ ਨਿਕਲਿਆ?
- ਕਿੱਕਰ 'ਕਵਿਤਾ ਦਾ ਕੇਂਦਰੀ ਭਾਵ ਲਿਖੋ ।
- ਕਿੱਕਰ ਸਿਰ ਕੱਢ ਕੇ ਕਿਧਰ ਨੂੰ ਤੁਰਦਾ ਹੈ ਤੇ ਕੀ ਦੇਖਦਾ ਹੈ?
- ਕਿੱਕਰ ਆਪਣੇ ਆਪ ਨੂੰ ਜੋਗੀ ਕਿਉਂ ਕਹਿੰਦਾ ਹੈ ।
- ਕੇਲੋਂ ਦੇ ਗਲ਼ ਲੱਗੀ ਵੇਲ 'ਕਵਿਤਾ ਦਾ ਕੇਂਦਰੀ ਭਾਵ ਲਿਖੋ ।
- ਵੇਲ ਇਸ ਸੰਸਾਰ ਨੂੰ ਕਿਹੋ ਜਿਹਾ ਕਹਿੰਦੀ ਹੈ ?

**ਪ੍ਰੋਫੈਸਰ ਪੂਰਨ ਸਿੰਘ**

- ਨਕਸ਼ ਨੁਹਾਰ 'ਕਾਵਿ ਸੰਗ੍ਰਹਿ ਵਿਚ ਦਰਜ ਪ੍ਰੋਫੈਸਰ ਪੂਰਨ ਸਿੰਘ ਦੀਆਂ ਕਵਿਤਾਵਾਂ ਦੇ ਨਾਂ ਲਿਖੋ ।
- ਜਵਾਨ ਪੰਜਾਬ ਦੇ' ਕਵਿਤਾ ਦਾ ਕੇਂਦਰੀ ਭਾਵ ਲਿਖੋ ।
- ਪੰਜਾਬੀ ਜਵਾਨਾਂ ਦਾ ਸੁਭਾਅ ਕਿਹੋ ਜਿਹਾ ਹੈ ?
- ਬਾਲ ਨਾਥ ਰਾਂਝੇ ਨੂੰ ਜੋਗ ਦੇ ਕੇ ਕਿਉਂ ਪਛਤਾਇਆ ਸੀ?
- ਕਵੀ ਅਨੁਸਾਰ ਪੰਜਾਬ ਵਿੱਚ 'ਓੜਕ ਦਾ ਰੂਹ ਜ਼ੋਰ ਕਿਸ ਤਰ੍ਹਾਂ ਆਇਆ?
- ਜਵਾਨ ਪੰਜਾਬ ਦੇ' ਕਵਿਤਾ ਵਿਚ ਕਿਹੜੇ-ਕਿਹੜੇ ਦਰਿਆਵਾਂ ਦਾ ਜ਼ਿਕਰ ਆਇਆ ਹੈ?
- 'ਹਲ' ਵਾਹੁਣ ਵਾਲੇ' ਕਵਿਤਾ ਦਾ ਕੇਂਦਰੀ ਭਾਵ ਲਿਖੋ ।
- 'ਮਾਂ-ਦਿਲ' ਕਵਿਤਾ ਵਿਚ ਕਵੀ ਮਾਂ ਦੇ ਦਿਲ ਬਾਰੇ ਕੀ ਕਹਿੰਦਾ ਹੈ?
- ਮਾਂ ਭਾਰੀ ਚਿਤਰਕਾਰ ਕਿਵੇਂ ਹੈ?
- ਕਵੀ ਮਾਂ ਦੀ ਅੱਖ ਵਿਚ ਰੱਬ ਦਾ ਝਲਕਾਰਾ ਕਿਵੇਂ ਵੇਖਦਾ ਹੈ?
- ਮਾਂ ਦਾ ਉਨਰ' ਕਵਿਤਾ ਦਾ ਕੇਂਦਰੀ ਭਾਵ ।

**ਧਨੀ ਰਾਮ ਚਾਤ੍ਰਿਕ**

- ਤੁਹਾਡੀ ਪਾਠ ਪੁਸਤਕ 'ਨਕਸ਼ ਨੁਹਾਰ' ਵਿਚ ਧਨੀ ਰਾਮ ਚਾਤ੍ਰਿਕ ਦੀਆਂ ਜਿਹੜੀਆਂ ਕਵਿਤਾਵਾਂ ਦਰਜ ਹਨ, ਉਨ੍ਹਾਂ ਦੇ ਨਾਂ ਲਿਖੋ ।

- ਵਿਸਾਖੀ ਦਾ ਮੇਲਾ' ਕਵਿਤਾ ਵਿਚ ਕਿਹੜੇ-ਕਿਹੜੇ ਰੁੱਖਾਂ-ਪੌਦਿਆਂ ਦਾ ਜ਼ਿਕਰ ਕੀਤਾ ਗਿਆ ਹੈ।

- ਮੇਲੇ ਵਿਚ ਕੀ ਕੁਝ ਵਿਕ ਰਿਹਾ ਹੈ?
- ਮੇਲੇ ਵਿਚ ਦਿਲ-ਪਰਚਾਵੇ ਦੀਆਂ ਕਿਹੜੀਆਂ-ਕਿਹੜੀਆਂ ਚੀਜ਼ਾਂ ਹਨ?
- 'ਖ਼ੁਦਾਯਾ ! ਏ ਪਾਏ ਨੀਂ ਕੀ-ਕੀ ਪੁਆੜੇ?' ਕਵਿਤਾ ਦੀ ਸੁਰ ਕਿਹੋ ਜਿਹੀ ਹੈ?
- ਖ਼ੁਦਾਯਾ ! ਏ ਪਾਏ ਨੀ ਕੀ-ਕੀ ਪੁਆੜੇ,?' ਕਵਿਤਾ ਵਿਚ ਕਵੀ ਧਰਮ-ਆਗੂ ਬਣੇ ਲੋਕਾਂ ਦਾ ਕਿਰਦਾਰ ਕਿਹੋ ਜਿਹਾ ਦੱਸਦਾ ਹੈ?
- ਸੁਖੀ ਜੀਉਣ ਦੀ ਕੁੰਜੀ ਕਵਿਤਾ ਅਨੁਸਾਰ ਸੁਖੀ ਜੀਉਣ ਦੀ ਕੁੰਜੀ ਕੀ ਹੈ?
- ਪੰਜਾਬੀ ਬੋਲੀ ਸਾਡੇ ਕਿੱਥੇ-ਕਿੱਥੇ ਕੰਮ ਆਉਂਦੀ ਹੈ?
- ਖਿਆਲੀ ਅਜ਼ਾਦੀ ' ਕਵਿਤਾ ਵਿਚ ਅਜ਼ਾਦ ਭਾਰਤ ਦੇ ਕਿਨ੍ਹਾਂ ਲੀਡਰਾਂ ਦਾ ਜ਼ਿਕਰ ਆਇਆ ਹੈ?
- ਭਾਰਤ ਵਿਚ ਅੰਗਰੇਜ਼ ਕੀ ਕਰਦਾ ਰਿਹਾ ਹੈ?

**ਪ੍ਰੋਫ਼ੈਸਰ ਮੋਹਨ ਸਿੰਘ**

- ਪ੍ਰੋਫ਼ੈਸਰ ਮੋਹਨ ਸਿੰਘ ਦੀਆਂ ਜਿੰਨੀਆਂ ਕਵਿਤਾਵਾਂ ਤੁਹਾਡੀ ਪਾਠ ਪੁਸਤਕ ਨਕਸ਼ ਨੁਹਾਰ ਵਿੱਚ ਸ਼ਾਮਿਲ ਹਨ ਉਨ੍ਹਾ ਦੇ ਨਾਂ ਲਿਖੋ।
- ਕਵੀ ਦੁਆਰਾ ਕੁੜੀ ਨੂੰ ਸੁਹਾਂ ਨਦੀ ਦੇ ਪਾਰ ਕਰਵਾਉਣ ਦਾ ਦ੍ਰਿਸ਼ ਚਿਤਰਨ ਕਰੋ।
- ਛੱਤੋ ਦੀ ਬੇਰੀ' ਕਵਿਤਾ ਦੇ ਅੰਤ ਵਿਚ ਕਵੀ ਕਿਸ ਗੱਲ ਦਾ ਹੇਰਵਾ ਮਹਿਸੂਸ ਕਰਦਾ ਹੈ? ਉਸਨੂੰ ਆਪਣੇ ਬਚਪਨ ਦੇ ਸੁਭਾਅ ਤੇ ਵਰਤਮਾਨ ਸੁਭਾਅ ਵਿਚ ਕੀ ਫ਼ਰਕ ਅਨੁਭਵ ਹੁੰਦਾ ਹੈ?
- ਮਾਂ' ਕਵਿਤਾ ਵਿਚ ਕਵੀ ਮਾਂ ਨੂੰ ਕਿਹੋ ਜਿਹਾ ਬੂਟਾ ਬਿਆਨ ਕਰਦਾ ਹੈ?
- ਮਾਂ ਰੂਪ ਬੂਟਾ ਕਦੋਂ ਸੁੱਕ ਜਾਂਦਾ ਹੈ?
- ਗ਼ਜ਼ਲ' (ਭਾਵੇਂ ਮੇਰੇ ਅੰਦਰ ਸੂਰਜ ਚੰਦ ਸੀ') ਅਨੁਸਾਰ ਕਵੀ ਨੂੰ ਜੀਵਨ ਵਿੱਚ ਕਿਹੋ ਜਿਹੇ ਮੌਸਮਾਂ ਦਾ ਸਾਹਮਣਾ ਕਰਨਾ ਪਿਆ ?

**ਅਮ੍ਰਿਤਾ ਪ੍ਰੀਤਮ**

- ਅਮ੍ਰਿਤਾ ਪ੍ਰੀਤਮ ਦੀਆਂ ਜਿੰਨੀਆਂ ਕਵਿਤਾਵਾਂ ਤੁਹਾਡੀ ਪਾਠ ਪੁਸਤਕ ਨਕਸ਼ ਨੁਹਾਰ ਵਿੱਚ ਸ਼ਾਮਿਲ ਹਨ ,ਉਨ੍ਹਾ ਦੇ ਨਾਂ ਲਿਖੋ ।
- 'ਤਵਾਰੀਖ ਨਜ਼ਮ ਵਿਚੋਂ' ਕਵਿਤਾ ਵਿਚ ਕਵਿਤ੍ਰੀ ਕਿਸ ਨੂੰ ਸੰਬੋਧਿਤ ਹੈ ਤੇ ਕਿਉਂ ?
- ਐਸ਼ ਟ੍ਰੇ' ਕਵਿਤਾ ਵਿਚ ਅਮ੍ਰਿਤਾ ਪ੍ਰੀਤਮ ਆਪਣੀ ਕਵਿਤਾ ਬਾਰੇ ਕੀ ਕਹਿੰਦੀ ਹੈ ।

**ਬਾਵਾ ਬਲਵੰਤ**

- ਬਾਵਾ ਬਲਵੰਤ ਦੀਆਂ ਜਿੰਨੀਆਂ ਕਵਿਤਾਵਾਂ ਤੁਹਾਡੀ ਪਾਠ-ਪੁਸਤਕ ਵਿਚ ਸ਼ਾਮਿਲ ਹਨ ਉਨ੍ਹਾ ਦੇ ਨਾਂ ਲਿਖੋ ।
- ਕਵੀ ਸੂਰਜ ਦਾ ਹਰ ਇੱਕ ਕ਼ਾਇਦਾ ਬਦਲ ਕੇ ਕੀ ਕਰਨਾ ਚਾਹੁੰਦਾ ਹੈ ।

| ਵਿਸ਼ਾ | ਅਧਿਆਪਨ ਦੇ ਵਿਸ਼ਾ | ਵਿਸ਼ੇਸ਼ ਉਦੇਸ਼ | ਅਧਿਆਪਨ ਦੀ ਤਕਨੀਕ | ਸੋਮੇ |
|---|---|---|---|---|
| **ਇਕਾਂਗੀ ਸੰਗ੍ਰਹਿ**<br>1.ਬੇਈਮਾਨ<br>2.ਮਨ ਦੀਆਂ ਮਨ ਵਿੱਚ<br>3.ਤਾਸ਼ ਦੀ ਬਾਜ਼ੀ<br>4.ਅੰਨ੍ਹੇ ਨਿਸ਼ਾਨਚੀ<br>5.ਅੰਨ੍ਹੇ ਕਾਣੇ | ਇਕਾਂਗੀਆਂ ਦੀ ਸਾਹਿਤਕ ਪਰਖ, ਪਾਤਰਾਂ ਦੇ ਚਰਿੱਤਰ ਚਿਤਰਨ, ਇਕਾਂਗੀਆਂ ਦੇ ਵਾਰਤਾਲਾਪਾਂ ਦੀ ਪ੍ਰਸੰਗ ਸਹਿਤ ਵਿਆਖਿਆ, ਸੰਖੇਪ ਉੱਤਰਾਂ ਵਾਲੇ ਪ੍ਰਸ਼ਨ | ਵਿਦਿਆਰਥੀਆਂ ਨੂੰ ਸਮਾਜਿਕ ਸਮਸਿਆਵਾਂ ਜਿਵੇਂ ਕਿ ਬੇਈਮਾਨੀ, ਭ੍ਰਿਸ਼ਟਾਚਾਰ, ਅਣਜੋੜ ਵਿਆਹ, ਫਿਰਕੂਪੁਣੇ, ਅਗਿਆਨਤਾ ਆਦਿ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਨੂੰ ਨਾਟਕੀ ਵਿਧੀ ਤੋਂ ਜਾਣੂ ਕਰਵਾਉਣਾ ਤਾਂ ਕਿ ਉਹ ਵੀ ਨਾਟਕ ਸਕਿਟ ਮਨੋ ਐਕਟਿੰਗ ਆਦਿ 'ਚ ਭਾਗ ਲੈਣ ਲਈ ਪ੍ਰੇਰਿਤ ਹੋਣ/ | ਨਾਟਕੀ ਵਿਧੀ<br>ਵਿਚਾਰ ਵਟਾਂਦਰਾ ਵਿਧੀ<br>ਪ੍ਰਸ਼ਨ ਉੱਤਰ ਵਿਧੀ | ਇਕਾਂਗੀ ਸੰਗ੍ਰਹਿ- ਛੇ ਦਰਸ਼ਨ ਸੰਪਾਦਕ ਸਿੰਘ ਸੇਖੋਂ, ਪੰਜਾਬ ਯੂਨੀਵਰਸਿਟੀ / |

**ਮੁਲਾਂਕਣ**

ਉਪਰੋਕਤ ਇਕਾਂਗੀਆਂ ਦੇ ਵਾਰਤਾਲਾਪਾਂ ਦੀ ਪ੍ਰਸੰਗ ਸਹਿਤ ਵਿਆਖਿਆ/

**ਵੱਡੇ ਉਤਰਾ ਵਾਲੇ ਪ੍ਰਸ਼ਨ**

- ਬੇਈਮਾਨ,ਮਨ ਦੀਆਂ ਮਨ ਵਿੱਚ, ਤਾਸ਼ ਦੀ ਬਾਜ਼ੀ, ਅੰਨ੍ਹੇ ਕਾਣੇ, ਅੰਨ੍ਹੇ ਨਿਸ਼ਾਨਚੀ ਆਦਿ ਇਕਾਂਗੀਆਂ ਦਾ ਵਿਸ਼ਾ - ਵਸਤੂ/ਥੀਮ ਸਪਸ਼ਟ ਕਰੋ /
- ਬੇਈਮਾਨ,ਮਨ ਦੀਆਂ ਮਨ ਵਿੱਚ, ਤਾਸ਼ ਦੀ ਬਾਜ਼ੀ, ਅੰਨ੍ਹੇ ਕਾਣੇ, ਅੰਨ੍ਹੇ ਨਿਸ਼ਾਨਚੀ ਆਦਿ ਇਕਾਂਗੀਆਂ ਦੀ ਸਾਹਿਤਕ ਪਰਖ ਕਰੋ /
- ਮਿਸਤਰੀ ਬਸੰਤ ਰਾਮ ਦਾ ਚਰਿੱਤਰ ਚਿਤਰਨ ਕਰੋ /
- ਮੋਟਰਵਾਲੇ ਦਾ ਚਰਿੱਤਰ ਚਿਤਰਨ ਕਰੋ /

- ਅੰਤ ਵਿੱਚ ਸਰਦਾਰ ਦਾ ਕੀ ਹਸ਼ਰ ਹੁੰਦਾ ਹੈ?

| **ਵਿਸ਼ਾ** | **ਅਧਿਆਪਨ ਦੇ ਵਿਸ਼ੇ** | **ਵਿਸ਼ੇਸ਼ ਉਦੇਸ਼** | **ਅਧਿਆਪਨ ਦੀ ਤਕਨੀਕ** | **ਸੋਮੇ** |
|---|---|---|---|---|
| **ਪੰਜਾਬੀ ਸਾਹਿਤ ਦਾ ਇਤਿਹਾਸ** ( *1901* **ਈ: ਤੋਂ** *2000* **ਤੱਕ**): ਕਵਿਤਾ,ਨਾਟਕ ਤੇ ਇਕਾਂਗੀ ਸਾਹਿਤ ਸੰਬੰਧੀ । | ਕਵਿਤਾ, ਨਾਟਕ ਅਤੇ ਇਕਾਂਗੀ ਸਾਹਿਤ ਵਿਚੋਂ ਇਤਿਹਾਸ ਨਾਲ ਸੰਬੰਧਿਤ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ | ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਅਤੇ ਸਾਹਿਤਕਾਰਾਂ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਵਿਚ ਪੰਜਾਬੀ ਸਾਹਿਤ ਪੜ੍ਹਨ ਅਤੇ ਲਿਖਣ ਦੀ ਰੁਚੀ ਪੈਦਾ ਕਰਨਾ । | ਲੈਕਚਰ ਵਿਧੀ ਪ੍ਰਸ਼ਨ ਉੱਤਰ ਵਿਧੀ । | ਪੁਸਤਕ- ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਡਾ. ਪਰਮਿੰਦਰ ਸਿੰਘ ਅਤੇ ਕਿਰਪਾਲ ਸਿੰਘ ਕਸੇਲ । ਪੰਜਾਬੀ ਸਾਹਿਤ ਦਾ ਇਤਿਹਾਸ (ਆਧੁਨਿਕ ਕਾਲ) ਪੰਜਾਬੀ ਯੂਨੀਵਰਸਿਟੀ ਪਟਿਆਲਾ। |

**ਮੁਲਾਂਕਣ**

- ਆਧੁਨਿਕ ਪੰਜਾਬੀ ਸਾਹਿਤ ਦਾ ਆਰੰਭ ਕਦੋਂ ਹੋਇਆ ਤੇ ਇਸ ਉਤੇ ਕਿਹੜੇ-ਕਿਹੜੇ ਪ੍ਰਭਾਵ ਪਏ ?
- ਪੰਜਾਬੀ ਸਾਹਿਤ ਦੇ ਪ੍ਰਸਿੱਧ ਸਟੇਜੀ ਕਵੀਆਂ ਦੇ ਨਾਂ ਲਿਖੋ ।
- ਆਧੁਨਿਕ ਪੰਜਾਬੀ ਕਵਿਤਾ ਵਿਚ ਕਿਹੜੀਆਂ-ਕਿਹੜੀਆਂ ਪ੍ਰਵਿਰਤੀਆਂ ਜਾਂ ਰੁਚੀਆਂ ਨੇ ਜਨਮ ਲਿਆ ?
- ਆਧੁਨਿਕ ਪੰਜਾਬੀ ਕਵਿਤਾ ਦਾ ਮੁੱਢ ਕਦੋਂ ਤੇ ਕਿਸ ਕਵੀ ਨਾਲ ਬੱਝਾ ?
- ਦੂਜੀ ਪੀੜ੍ਹੀ ਦੇ ਕਿਹੜੇ ਕਵੀ ਹਨ ?
- ਰੁਮਾਂਸਵਾਦੀ ਪ੍ਰਵਿਰਤੀ ਦੇ ਪ੍ਰਮੁੱਖ ਕਵੀਆਂ ਦੇ ਨਾਂ ਲਿਖੋ ।
- ਪ੍ਰਯੋਗਵਾਦੀ ਪ੍ਰਵਿਰਤੀ ਦੇ ਪ੍ਰਮੁੱਖ ਕਵੀਆਂ ਦੇ ਨਾਂ ਲਿਖੋ ।
- ਜੁਝਾਰਵਾਦੀ ਪ੍ਰਵਿਰਤੀ ਦੇ ਪ੍ਰਮੁੱਖ ਕਵੀਆਂ ਦੇ ਨਾਂ ਲਿਖੋ ।
- ਭਾਈ ਵੀਰ ਸਿੰਘ ਦੀ ਪੰਜਾਬੀ ਸਾਹਿਤ ਨੂੰ ਕੀ ਦੇਣ ਹੈ ?
- ਭਾਈ ਵੀਰ ਸਿੰਘ ਨੇ ਕਿਹੜਾ ਮਹਾਂਕਾਵਿ ਲਿਖਿਆ ?
- ਪ੍ਰੋਫੈਸਰ ਪੂਰਨ ਸਿੰਘ ਦੇ ਕਾਵਿ-ਸੰਗ੍ਰਹਿਆਂ ਦੇ ਨਾਂ ਲਿਖੋ ।

| ਵਿਸ਼ਾ | ਅਧਿਆਪਨ ਦੇ ਵਿਸ਼ੇ | ਵਿਸ਼ੇਸ਼ ਉਦੇਸ਼ | ਅਧਿਆਪਨ ਦੀ ਤਕਨੀਕ | ਸੋਮੇ |
|---|---|---|---|---|
| ਭਾਸ਼ਾ ਤੇ ਪੰਜਾਬੀ ਭਾਸ਼ਾ | ਭਾਸ਼ਾ ਦੀ ਪਰਿਭਾਸ਼ਾ , ਪ੍ਰਕਿਰਤੀ, ਪ੍ਰਯੋਜਨ, ਮਹੱਤਵ ਤੇ ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ | ਵਿਦਿਆਰਥੀਆਂ ਨੂੰ ਭਾਸ਼ਾ ਬਾਰੇ ਜਾਣਕਾਰੀ ਦਿੰਦਿਆਂ ਹੋਇਆਂ ਪੰਜਾਬੀ ਭਾਸ਼ਾ ਦੀ ਮਹੱਤਤਾ ਤੋਂ ਜਾਣੂ ਕਰਵਾਉਂਦੇ ਹੋਏ ਉਨ੍ਹਾਂ ਨੂੰ ਪੰਜਾਬੀ ਭਾਸ਼ਾ ਨੂੰ ਲਿਖਣ,ਬੋਲਣ ਤੇ ਪੜ੍ਹਨ ਲਈ ਪ੍ਰੇਰਿਤ ਕਰਨਾ । | ਉਦਾਹਰਨਾਂ ਸਹਿਤ ਲੈਕਚਰ ਵਿਧੀ । | ਸ਼ੈਰੀ ਸਿੰਘ ਤੇ ਬ੍ਰਹਮ ਜਗਦੀਸ਼ (ਪ੍ਰੋ.) ਭਾਸ਼ਾ ਵਿਗਿਆਨ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ, ਵਾਰਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ<br>ਜੋਸ਼ੀ ਜੀਤ ਸਿੰਘ, ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ |

**ਮੁਲਾਂਕਣ**

- **ਵੱਡੇ ਉਤਰਾ ਵਾਲੇ ਪ੍ਰਸ਼ਨ**
- ਭਾਸ਼ਾ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਦੀਆਂ ਵਿਸ਼ੇਸ਼ਤਾਵਾਂ ਦੱਸੋਂ ?
- ਭਾਸ਼ਾ ਦੀ ਪ੍ਰਕ੍ਰਿਤੀ ਉਤੇ ਨੋਟ ਲਿਖੋ ।
- ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਕਿਹੜੀਆਂ-ਕਿਹੜੀਆ ਹਨ ?

| ਵਿਸ਼ਾ | ਅਧਿਆਪਨ ਦੇ ਵਿਸ਼ੇ | ਵਿਸ਼ੇਸ਼ ਉਦੇਸ਼ | ਅਧਿਆਪਨ ਦੀ ਤਕਨੀਕ | ਸੋਮੇ |
|---|---|---|---|---|
| ਸਾਹਿਤ ਦੇ ਰੂਪ<br>1.ਗੀਤ<br>2.ਕਵਿਤਾ<br>3.ਗ਼ਜ਼ਲ<br>4.ਇਕਾਂਗੀ<br>5.ਨਾਵਲ<br>6.ਕਹਾਣੀ | ਗੀਤ,ਕਵਿਤਾ, ਗ਼ਜ਼ਲ,ਇਕਾਂਗੀ, ਨਾਵਲ ਤੇ ਕਹਾਣੀ ਦੀ ਪਰਿਭਾਸ਼ਾ ਅਤੇ ਤੱਤ | ਵਿਦਿਆਰਥੀਆਂ ਨੂੰ ਸਾਹਿਤ ਦੇ ਰੂਪਾਂ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਵਿਚ ਇਨ੍ਹਾਂ ਪ੍ਰਤੀ ਰੁਝਾਨ ਪੈਦਾ ਕਰਨਾ / ਇਨ੍ਹਾਂ ਰਾਹੀਂ ਉਨ੍ਹਾਂ ਦੀ ਲਿਖਣ ਕਲਾ ਵਿਚ ਵੀ ਸੁਧਾਰ ਹੁੰਦਾ ਹੈ / | ਉਦਾਹਰਨਾਂ ਸਹਿਤ ਲੈਕਚਰ ਵਿਧੀ, ਪ੍ਰਸ਼ਨ ਉੱਤਰ ਵਿਧੀ / | ਜੱਗੀ, ਰਤਨ ਸਿੰਘ (ਡਾ.) ਸਾਹਿਤ ਦੇ ਰੂਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ / |

**ਮੁਲਾਂਕਣ**

- **ਵੱਡੇ ਉਤਰਾ ਵਾਲੇ ਪ੍ਰਸ਼ਨ**
- ਕਵਿਤਾ ਬਾਰੇ ਇਕ ਨੋਟ ਲਿਖੋ /
- ਗੀਤ ਕੀ ਹੁੰਦਾ ਹੈ?ਇਸ ਦੇ ਤੱਤਾਂ ਬਾਰੇ ਜਾਣਕਾਰੀ ਦਿਓ /
- ਗ਼ਜ਼ਲ ਕੀ ਹੁੰਦੀ ਹੈ?ਇਸ ਦੀ ਬਣਤਰ ਬਾਰੇ ਉਦਾਹਰਨਾਂ ਸਹਿਤ ਦੱਸੋ /
- ਇਕਾਂਗੀ ਕੀ ਹੁੰਦੀ ਹੈ? ਇਸ ਦੇ ਤੱਤਾਂ ਬਾਰੇ ਜਾਣਕਾਰੀ ਦਿਓ /
- ਨਾਟਕ ਕੀ ਹੁੰਦਾ ਹੈ?ਇਸ ਦੇ ਤੱਤਾਂ ਬਾਰੇ ਜਾਣਕਾਰੀ ਦਿਓ /

70% ਸਿਲੇਬਸ ਘਰੇਲੂ ਪ੍ਰੀਖਿਆਵਾਂ ਤੋਂ ਪਹਿਲਾਂ ਅਤੇ 30% ਘਰੇਲੂ ਪ੍ਰੀਖਿਆਵਾਂ ਤੋਂ ਬਾਅਦ ਵਿਚ ਕਰਵਾਇਆ ਜਾਵੇਗਾ /